17

# ਸਿੱਖ ਦੀ ਆਤਮਿਕ ਸ਼ਕਤੀ

## ਸ੍ਰੀ ਪੰਜੇ ਸਾਹਿਬ ਦੇ ਪੂਰਨ ਸ਼ਹੀਦ

# ਭਾਈ ਕਰਮ ਸਿੰਘ ਜੀ !



## ਗੁਰਮਤ ਟ੍ਰੈਕਟ ਸੋਸਾਇਟੀ

ਲਾਹੌਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਭ ਹੱਕ ਲੇਖਕ ਦੇ ਅਧੀਨ ਹਨ।

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥

ਟ੍ਰੈਕਟ ਨੰਬਰ ੫੨ ਫਰਵਰੀ ਸੰ: ੧੯੩੦

# ਸਿੱਖ ਦੀ ਆਤਮਿਕ ਸ਼ਕਤੀ

ਸ੍ਰੀ ਪੰਜੇ ਸਾਹਿਬ ਦੇ ਪੂਰਨ ਸ਼ਹੀਦ

## ਸ੍ਰੀਮਾਨ ਭਾਈ ਕਰਮ ਸਿੰਘਜੀ

ਲੇਖਕ

ਗਯਾਨੀ ਖਜ਼ਾਨ ਸਿੰਘ ਜੀ

ਮਿਊਨਿਸੀਪਲ ਕਮਿਸ਼ਨਰ ਲਾਹੌਰ

ਜਿਸਨੂੰ

ਗੁਰਮਤ ਟ੍ਰੈਕਟ ਸੋਸਾਇਟੀ

ਲਾਹੌਰ

(ਰਜਿਸਟ੍ਰਡ ਮੁਤਾਬਿਕ ਐਕਟ ੨੧ ਸੰ: ੧੮੬੦)

ਨੇ

ਪ੍ਰਕਾਸ਼ਤ ਕੀਤਾ

ਮਰਕਨਟਾਈਲ ਪ੍ਰੈਸ ਲਾਹੌਰ ਵਿੱਚ ਬਾਬੂ ਗੋਪਾਲਦਾਸ ਮੈਨੇਜਰ ਦੇ ਅਧਿਕਾਰ ਨਾਲ ਛਪਵਾਇਆ।

ਮੋਖ =) ਸਾਲਾਨਾ ਚੰਦਾ ੧॥)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਿੱਖ ਦੀ ਆਤਮਿਕ ਸ਼ਕਤੀ

ਸਭ ਤੋਂ ਵੱਡਾ ਸਤਿਗੁਰ ਨਾਨਕ ਦੇ ਮਹਾਵਾਕ ਅਨੁਸਾਰ ਸਾਰੇ ਸੰਸਾਰ ਦੇ ਬਜ਼ੁਰਗਾਂ, ਸੰਤਾਂ ਫਕੀਰਾਂ, ਪੈਗੰਬਰਾਂ, ਵਲੀਆ ਉਲਮਾਂਵਾਂ, ਤੋਂ ਵੱਡਾ ਉਚਾ ਸੁੱਚਾ ਤੇ ਪਿਆਰਾ ਸਤਿਗੁਰ ਨਾਨਕ ਦੇਵ ਹੈ ਤੇ ਗੁਰੂ ਨਾਨਕ ਜਿਨ ਸੁਣਿਆ ਪਖਿਆ ਸੇ ਫਿਰ ਗਰਭਾਸ ਨਾ ਪਰਿਆਰੇ ।

ਗੁਰਵਾਕ ਅਨਸਾਰ ਜਿਨਾ ਸੰਸਾਰੀਆਂ ਨੇ ਸਭ ਤੋਂ ਵੱਡੇ ਸਤਿਗੁਰੂ ਨੂੰ ਸੁਣਿਆ ਦੇਖਿਆ ਹੈ ਉਸਦਾ ਜਨਮ ਮਰਣ ਕਟਿਆ ਜਾਂਦਾ ਹੈ, ਤੇ ਜੋ ਆਦਮੀ ਹੋਵੇ ਉਸਦਾ ਅਰ ਉਸਦੇ ਚਰਨਾ ਨੂੰ ਟਿਕਾਵੇ ਅਪਣੇ ਮਨ ਵਿਚ ਅਰ ਅਖਵਾਵੇ ਉਸਦਾ ਸਿੱਖ ਫੇਰ ਦੱਸੋ ਉਸਦੀ ਸ਼ਾਨ ਕਿੱਡੀ ਉੱਚੀ ਹੋਈ ਤੇ ਏਡੀ ਉੱਚੀ ਸ਼ਾਨ ਵਾਲੇ ਗੁਰਸਿੱਖ ਦੀ ਆਤਮਕ ਸ਼ਕਤੀ ਦਾ ਲਗਾਓ ਖਾਂ ਅੰਦਾਜ਼ਾ ਤੇ ਫੇਰ ਮੇਰੇ ਇਸ ਲਿਖੇ ਲੇਖ ਨੂੰ ਵਿਚਾਰ ਨਾਲ ਪੜ੍ਹੋ ॥ ਇਤਹਾਸ ਵਿੱਚ ਲਿਖਿਆ ਹੈ ਕਿ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਜਦ ਦਿਲੀ ਭਾਣਾ ਵਰਤਾਉਣ ਲਈ ਗਏ ਤਾਂ ਉਨ੍ਹਾਂ ਦੇ ਨਾਲ ਭਾਈ ਮਤੀ ਦਾਸ ਜੀ ਸਨ, ਇਕ ਦਿਨ ਰਾਤ ਸਮੇਂ ਜਦ ਮਹਾਰਾਜ ਅਤੇ ਭਾਈ ਮਤੀਦਾਸ ਜੀ ਸਮੇਤ ਹੋਰ ਨਾਲ ਦੇ ਸੇਵਾਦਾਰ ਬੈਠੇ ਸਨ ਤਾਂ ਭਾਈ ਮਤੀ ਦਾਸ ਜੀ ਨੇ ਮਹਾਰਾਜ ਅਗੇ

Digitized by Panjab Digital Library | www.panjabdigilib.org

ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ! ਆਪ ਕਿਉਂ ਇਸ ਇਸ ਬੰਦੀਖਾਨੇ ਵਿੱਚ ਬੰਦਹੋ ਜੇ ਮੈਨੂੰ ਹੁਕਮ ਕਰੋ ਤਾਂ ਮੈਂ ਇਕ ਪਲਕ ਵਿਚ ਦਿੱਲੀ ਅਤੇ ਲਾਹੌਰ ਦੀਆਂ ਟੱਕਰਾਂ ਲਗਵਾ ਦਿਆਂ, ਇਸ ਬਾਦਸ਼ਾਹ ਦੇ ਮੈਹਿਲਾਂ ਅਤੇ ਕਿਲੇ ਦੀਆਂ ਇੱਟ ਨਾਲ ਇੱਟਾਂ ਖੜਕਾ ਕੇ ਚਕਨਾ ਚੂਰ ਕਰ ਦਿਆਂ, ਭਾਈ ਮਤੀਦਾਸ ਜੀ ਦੇ ਬਲਵਾਨ ਆਤਮਾ ਨੇ ਇਨਾਂ ਜੋਸ਼ ਮਾਰਿਆ ਕਿ ਮਹਾਰਾਜ ਜ਼ਰਾ ਇਸ਼ਾਰਾ ਕਰ ਦਿੰਦੇ ਤਾਂ ਦਿੱਲੀ ਤਬਾਹ ਹੋ ਜਾਂਦੀ ॥

ਜਦ ਕੁਝ ਸਿੰਘ ਮਹਾਰਾਜ ਜੀ ਨੂੰ ਬੇਦਾਵਾ ਲਿਖਕੇ ਦੇ ਆਏ ਤਾਂ ਘਰੋਂ ਇਸਤ੍ਰੀਆਂ ਨੇ ਤਾਨੇ ਮਾਰੇ ਤਾਂ ਗੁਸਾ ਖਾਕੇ ਮੁੜੇ ਅਰ ਰਸਤੇ ਵਿੱਚੇ ਹੀ ਦੁਸ਼ਮਨ ਦੀ ਫੌਜ ਨਾਲ ਉਹ ਟਾਕਰਾ ਕੀਤਾ ਜੋ ਉਹ ਦੰਗ ਹੋਗਏ, ਸਾਰੇ ਸਿੰਘ ਉੱਥੇ ਸ਼ਹੀਦ ਹੋਗਏ, ਜਦ ਸਭ ਸਿੰਘ ਕਦੇ ਨਾ ਟਲਨ ਵਾਲੀ ਮੌਤ ਦੀ ਗੋਦ ਵਿੱਚ ਸੌਂ ਗਏ ਤੇ ਅੰਤਲੇ ਸਿੰਘ ਭਾਈ ਮਹਾਂ ਸਿੰਘ ਜੀ ਬੇਅੰਤ ਘਾਓ ਖਾਕੇ ਜ਼ਮੀਨ ਪਰ ਲੇਟ ਗਏ ਅਰ ਮੌਤ ਰਾਣੀ ਨੇ ਅਪਣਾ ਹੱਥ ਅਗੇ ਕੀਤਾ ਤਾਂ ਇਹ ਗੱਲ ਦੇਖਕੇ ਭਾਈ ਮਹਾਂ ਸਿੰਘ ਨੇ ਵਿਚਾਰ ਕੀਤੀ ਕਿ ਜੇ ਮੈਂ ਭੀ ਹੁਣੇ ਹੀ ਚੱਲ ਗਿਆ ਤਾਂ ਅਸੀਂ ਜੋ ਬੇਦਾਵਾ ਲਿਖਕੇ ਦੇ ਆਏ ਹਾਂ ਉਹ ਸਾਬੂਤ ਰਹੇਗਾ, ਇਹ ਵਿਚਾਰ ਫੁਰਦੇ ਸਾਰ ਹੀ ਚੰਬੜੀ ਹੋਈ ਮੌਤ ਰਾਣੀ ਨੂੰ ਝਟਕਾ ਦੇਕੇ ਪਿਛੇ ਹਟਾ ਦਿੱਤਾ ਤੇ ਕਿਹਾ ਖਬਰ ਦਾਰ ਜਦ ਤਕ ਮੇਰਾ ਸ਼ੈਹਨਸ਼ਾਹ ਇੱਥੇ ਨਾ ਪੁੱਜੇ

Digitized by Panjab Digital Library | www.panjabdigilib.org

ਪਿੱਛੇ ਹਟਕੇ ਖੜੀ ਰਹੁ, ਮੌਤ ਵਿਚਾਰੀ ਪਿੱਛੇ ਹਟਕੇ ਠਠੰ-ਬਰੀ ਖੜੀ ਰਹੀ, ਉਧਰ ਭਾਈ ਮਹਾਂ ਸਿੰਘ ਨੇ ਅਪਣੀ ਆਤਮਿਕ ਸ਼ਕਤੀ ਦਸਮੇਸ਼ ਪਿਤਾ ਜੀ ਦੇ ਚਰਨਾਂ ਵਿਚ ਜੋੜ ਲਈ ਤੇ ਕਈ ਕੋਹਾਂ ਤੇ ਬੈਠਿਆਂ ਮਹਾਰਾਜ ਨੂੰ ਐਸੀ ਖਿੱਚ ਪਾਈ ਜੋ ਉਸੇ ਕਾਲ ਉੱਥੇ ਪੁੱਜੇ ਅਰ ਅਪਣੇ ਪਿਆਰੇ ਦੇ ਬਚਨ ਸੁਣਕੇ ਉਸਦੀ ਅੰਤਮ ਆਸ ਪੂਰੀ ਕੀਤੀ ॥

ਆਤਮਿਕ ਸ਼ਕਤੀ ਤਾਂ ਇਕ ਪਾਸੇ ਰਹੀ ਗੁਰ ਸਿੱਖਾਂ ਦੇ ਪੈਰਾਂ ਦੇ ਜੋੜਿਆਂ ਵਿਚ ਸ਼ਕਤੀ ਭਰੀ ਪਈ ਹੈ ਜਿਸਦਾ ਇਤਹਾਸ ਵਿੱਚ ਇਸਤ੍ਰਾਂ ਜ਼ਿਕਰ ਹੈ, ਜਦ ਧਰਮ ਦੀ ਖਾਤਰ ਸ਼੍ਰੋਮਣੀ ਸ਼ਹੀਦ ਸ਼੍ਰੀਮਾਨ ਭਾਈ ਤਾਰੂ ਸਿੰਘ ਜੀ ਨੇ ਅਪਣੀ ਖੋਪਰੀ ਉਤ੍ਰਵਾ ਲਈ ਤਾਂ ਇਸ ਮਹਾਂ ਉਪਦਰ ਦੇ ਬਦਲੇ ਉਸ ਨਵਾਬ ਦਾ ਪਿਸ਼ਾਬ ਬੰਦ ਹੋਗਿਆ ਜਦ ਸਾਰੇ ਡਾਕਟਰ ਹਕੀਮ ਇਲਾਜ ਕਰ ਚੁਕੇ ਤਾਂ ਕੋਈ ਆਰਾਮ ਨਾ ਆਇਆ ਤੇ ਕਿਸੇ ਕਿਹਾ ਕਿ ਜੇ ਭਾਈ ਤਾਰੂ ਸਿੰਘ ਜੀਦੀ ਜੁੱਤੀ ਨਵਾਬ ਦੇ ਸਿਰ ਵਿਚ ਲੱਗੇ ਤਦ ਪਿਸ਼ਾਬ ਉੱਤਰ ਸਕਦਾ ਹੈ, ਉੱਥੇ ਲਿਖਜਾ ਹੈ ਕਿ ਐਸਾ ਹੀ ਕੀਤਾ ਗਿਆ ਤਦੰ ਨਵਾਬਦਾ ਪਿਸ਼ਾਬਉਤਰਿਆ ਗੁਰਸਿਖਾਂ ਦੀ ਐਡੀ ਉਚੀ ਸ਼ਾਨ ਹੈ ਕਿ ਉਨਾਂ ਦੇ ਜੋੜਿਆਂ ਵਿਚ ਭੀ ਸ਼ਕਤ ਹੁੰਦੀ ਹੈ ਪਰ ਕੋਈ ਸੱਚਾ ਗੁਰ ਸਿਖ ਹੋਵੇ, ਬਸ ਜਿਸ ਪੇਮੀ ਨੇ ਪੂਰਣ ਨਿਸਚੇ ਨਾਲ ਜਿਸ ਗਲ ਪਰ ਦ੍ਰਿੜ ਵਿਸ਼ਵਾਸ ਕਰ ਲਿਆ ਅਤੇ ਸਤਿਗੁਰੁ ਜੀ ਦੇ ਚਰਨਾ ਦੀ ਓਟ ਲਈ ਉਸਦਾ ਬੇੜਾ ਪਾਰ ਤੇ ਸਭ ਕਾਰਜ ਰਾਸ ਹੋ

Digitized by Panjab Digital Library | www.panjabdigilib.org

ਗਏ,ਅਗੇ ਮੈ ਉਸ ਗੁਰ ਚਰਣਾ ਦੇ ਭਉਰੇ ਦਾ ਜ਼ਿਕਰ ਕਰਦਾ ਹਾਂ ਜਿਸ ਨੇ ਸਤਿਗੁਰ ਜੀ ਦੀ ਓਟ ਲੈਕੇ ਇਕ ਪੱਵਿਤ੍ਰ ਖਿਆਲ ਪੂਰਾ ਨੂੰ ਕਰਨ ਲਈ ਅਪਣਾ ਸਿਰ ਤਲੀ ਪਰ ਟਿਕਾ ਕੇ ਸਤਿਗੁਰੂ ਜੀ ਦੀ ਗਲੀ ਨੂੰ ਗਿਆ। ਜਿਥੇ ਉਸਦੀ ਇੱਛਾ ਪੂਰਨ ਹੋਗਈ ਉੱਥੇ ਉਸਦੀ ਭੇਟਾ ਪ੍ਰਵਾਨ ਹੋਈ ਤੇ ਉਹ ਸਤਿਗੁਰ ਜੀ ਦੀ ਦਰਗਾਹ ਵਿਚ ਉੱਜਲ ਮੁਖ ਜਾ ਹਾਜ਼ਰ ਹੋਇਆ॥

## ਸ਼ਹੀਦ ਜੀ ਦੇ ਪਿਤਾ

ਸ੍ਰੀ ਕਲਗੀਧਰ ਜੀ ਮਹਾਰਾਜ ਨੇ ਵੈਸਾਖੀ ਵਾਲੇ ਦਿਨ ਸ੍ਰੀ ਆਨੰਦ ਪੁਰ ਸਾਹਿਬ ਵਿਖੇ ਇਕ ਭਾਰਾ ਦੀਵਾਨ ਸਜਾਇਆ ਤੇ ਦੇਸ਼ ਅਰ ਧ੍ਰਮ ਦੀ ਰੱਖਿਆ ਲਈ ਇਕ ਜੋਧਿਆਂ ਦੀ ਸਰੇਣੀ ਰਚਨ ਦੇ ਭਾਵ ਨਾਲ ਮਿਆਨ ਵਿਚੋਂ ਤਲਵਾਰ ਧੂਹ ਕੇ ਦੀਵਾਨ ਵਿਚ ਆ ਖਲੋਤੇ ਅਰ ਕਿਹਾ ਕਿ ਸਾਨੂੰ ਪੰਜਾਂ ਸਿਰਾਂ ਦੀ ਲੋੜ ਹੈ ਜਿਸਨੇ ਇਸ ਤਲਵਾਰ ਦੇ ਘਾਟ ਉਤ੍ਰਨਾ ਹੈ ਅਗੇ ਆਓ, ਉਸ ਵੇਲੇ ਜੋ ਪੰਜ ਸਿੰਘ ਨਿੱਤ੍ਰੇ ਉਨਾਂ ਵਿੱਚ ਇਕ ਸ੍ਰੀਮਾਨ ਬਾਬਾ ਮੋਹਕਮ ਸਿੰਘ ਜੀ ਸਨ ਜਿਨਾ ਇਸ ਧਰਮ ਯੱਗ ਵਿਚ ਅਪਣਾ ਪੰਜਵਾਂ ਹਿੱਸਾ ਕਾਇਮ ਕੀਤਾ, ਇਤਹਾਸ ਦਸਦਾ ਹੈ ਕਿ ਭਾਈ ਮੋਹਕਮਸਿੰਘ ਜੀ ਬ੍ਰਹਮ ਗਿਆਨੀ ਸੀ ਸ੍ਰੀ ਨਾਮਦੇਵ ਜੀ ਮਹਾਰਾਜ ਦੇ ਅਵਤਾਰ ਸਨ, ਇਨਾ ਭਾਈ ਮੋਹਕਮ ਸਿੰਘ ਜੀ ਨੇ

Digitized by Panjab Digital Library | www.panjabdigilib.org

ਧ੍ਰਮ ਯੁਧ ਵਿਚ ਸ਼ਹੀਦੀ ਪ੍ਰਾਪਤ ਕੀਤੀ ਤੇ ਫੇਰ ਸ਼੍ਰੋਮਣੀ ਕਵੀ ਸ੍ਰੀਮਾਨ ਭਾਈ ਸੰਤੋਖ ਸਿੰਘ ਜੀ ਦੇ ਰੂਪ ਵਿੱਚ ਉਸ ਉੱਚ ਅਤੇ ਗੂੜ ਰਚਨਾ ਵਿਚ ਪੰਥ ਦਾ ਇਤਹਾਸ "ਸੂਰਜ ਪ੍ਰਕਾਸ਼" ਲਿਖਿਆ ਜਿਸਨੂੰ ਪੜ੍ਹਕੇ ਚੰਗੇ ਚੰਗੇ ਵਿਦ੍ਵਾਨ ਚੱਕਰਤ ਰੈਹ ਗਏ ਤੇ ਉਨ੍ਹਾਂ ਦੀ ਇਹ ਰਾਏ ਹੈ ਕਿ ਐਸੀ ਵਿਚਾਰ ਭਰੀ ਕਵਿਤਾ ਤੇ ਐਨੀ ਵਿਸਥਾਰ ਵਾਲੀ ਰਚਨਾ ਕਿਸੇ ਹੋਰ ਕਵੀ ਨੇ ਅਜ ਤਕ ਨਹੀ ਰਚੀ, ਉਨ੍ਹਾਂ ਭਾਈ ਸੰਤੋਖ ਸਿੰਘ ਜੀ ਦੇ ਪੋਤ੍ਰੇ ਦੀ ਧਰਮ ਪਤਨੀ ਦੇ ਪਿਤਾ ਸ੍ਰੀਮਾਨ **ਭਾਈ ਭਗਵਾਨ ਸਿੰਘ ਜੀ** ਸ੍ਰੀਮਾਨ ਭਾਈ ਕਰਮ ਸਿੰਘ ਜੀ ਦੇ ਪਿਤਾ ਜੀ ਸਨ ॥

ਸ੍ਰੀਮਾਨ ਭਾਈ ਭਗਵਾਨ ਸਿੰਘ ਜੀ ਖਾਲਸਾ ਪੰਥ ਸਾਜਨ ਵਾਲੇ ਪਵਿਤ੍ਰ ਅਸਥਾਨ ਖਾਲਸਾ ਜੀ ਦੇ ਚੌਥੇ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਜੀ ਦੇ ਗਰੰਥੀ ਸਨ ਆਪ ਪੂਰੇ ਨਿੱਤ ਨੇਮੀ ਭਜਨੀਕ ਤੇ ਗੁਰ ਸਿੱਖੀ ਵਾਲਾ ਪ੍ਰੇਮ ਭਰਿਆ ਮਿਲਾ-ਪੜਾ ਸੁਭਾ ਰਖਦੇ ਸਨ, ਘਰ ਆਏ 'ਸਿੱਖ ਦੀ' ਸੇਵਾ ਕਰਨੀ ਬਲਕੇ ਰਾਹ ਜਾਂਦੇ ਗੁਰ ਸਿੱਖਾਂ ਨੂੰ ਬੁਲਾ ਕੇ ਆਦਰ ਕਰਨਾ ਅਰ ਪ੍ਰਸ਼ਾਦ ਛਕਾਉਣਾ ਇਨਾ ਦੇ ਜੀਵਨ ਦਾ ਅਧਾਰ ਸੀ ਗੁਰਦ੍ਵਾਰੇ ਦੀ ਸੇਵਾ ਤੋਂ ਵੇਹਲੇ ਹੋਕੇ ਗਰਮੀਆਂ ਦੀ ਰੁੱਤੇ ਜਲ ਦਾ ਗੜਵਾ ਭਰਕੇ ਚੁਰਸਤੇ ਵਿਚ ਜਾ ਖੜੇ ਹੁੰਦੇ ਸਨ ਤੇ ਹਰ ਇਕ ਰਾਹੀ ਨੂੰ ਜਲ ਛਕਾਉਣਾ ਆਪਦਾ ਨਿਤ ਕਰਮ ਸੀ

Digitized by Panjab Digital Library | www.panjabdigilib.org

ਇਸੇ ਕਰਕੇ ਆਪ ਦਾ ਨਾਮ "ਗੜਵੇ ਵਾਲੇ ਮਹੰਤ" ਕਰਕੇ ਪ੍ਰਸਿੱਧ ਹੋ ਗਿਆ, ਆਪਦੇ ਜੀਵਨ ਦੀ ਏਹ ਕੀਰਤੀ ਸੁਣ ਕੇ ਸ੍ਰੀ ਮਹਾਰਾਜਾ ਕਰਮਸਿੰਘ ਜੀ ਪਟਯਾਲਾ ਪਤੀ ਨੇ ਰਿਆਸਤ ਵਲੋਂ ਸ੍ਰੀ ਅਨੰਦ ਪੁਰ ਸਾਹਿਬ ਵਿਖੇ ਬਣੇ ਹੋਏ ਬੁੰਗੇ ਦਾ ਪ੍ਰਬੰਧ ਆਪਦੇ ਸਪੁਰਦ ਕਰ ਦਿਤਾ, ਕੁਛ ਕਾਲ ਪਿਛੋਂ ਜਦ ਮਹਾਰਾਜਾ ਸਾਹਿਬ ਨੇ ਇਸ ਉੱਚੇ ਜੀਵਨ ਵਾਲੇ ਮਹੰਤ ਸਾਹਬ ਦੀ ਹਰ ਜ਼ਬਾਨ ਵਿਚੋਂ ਵਾਹ ਵਾਹ ਨਿਕਲਦੀ ਸੁਣੀ ਤਾਂ ਆਪਨੂੰ ਪਟਯਾਲਾ ਵਿਖੇ ਦਰਸ਼ਨ ਦੇਣ ਲਈ ਬੇਨਤੀ ਕੀਤੀ ਤੇ ਆਪਦੀ ਸਵਾਰੀ ਲਈ ਹਾਥੀ ਭੇਜਿਆ, ਬਾਕੀ ਦੇ ਪੁਜਾਰੀ ਅਤ ਮਹੰਤਾਂ ਨੇ ਜਦ ਭਾਈ ਭਗਵਾਨ ਸਿੰਘ ਜੀ ਦੀ ਇਜ਼ਤ ਅਤੇ ਮਾਨ ਹੁੰਦਾ ਦੇਖਿਆ ਤਾਂ ਸੜ ਬਲ ਗਏ ਅਤੇ ਮਹਾਰਾਜਾ ਸਾਹਿਬ ਦੇ ਐਹਲ ਕਾਰ. ਨੂੰ ਬਹੁਤ ਬੁਰਾ ਭਲਾ ਕਿਹਾ ਅਤੇ ਲੜ ਭਿੜਕੇ ਹਾਥੀ ਵਾਪਸ ਕਰ ਦਿਤਾ ਜਿਸ ਤੋਂ ਮਹਾਰਾਜ ਸਾਹਿਬ ਨੇ ਭਾਈ ਸਾਹਿਬ ਨੂੰ ਕਿਹਾ ਕਿ ਆਪ ਇਸ ਕੁਸੰਗ ਨੂੰ ਛੱਡ ਕੇ ਪਟਯਾਲੇ ਆ ਜਾਓ ਤੇ ਗੁਰਬਾਣੀ ਦਾ ਪਾਠ ਅਰ ਭਜਨ ਕਰਕੇ ਅਨੰਦ ਪ੍ਰਾਪਤ ਕਰੋ, ਮਹਾਰਾਜ ਸਾਹਿਬ ਦੀ ਇਸ ਪ੍ਰੇਮ ਅਤੇ ਆਦਰ ਭਰੀ ਬੇਨਤੀ ਨੂੰ ਸੁਣਕੇ ਭਾਈਸਾਹਿਬ ਨੇ ਪਟਿਆਲੇ ਵਿਖੇ ਨਿਵਾਸ ਰਖਣਾ ਪ੍ਰਵਾਨ ਕਰ ਲਿਆ, ਰਿਆਸਤ ਵਲੋਂ ਰਿਹਾਇਸ਼ ਲਈ ਚੰਗਾ ਮਕਾਨ ਤੇ ਰਸਦਾਂ ਖ੍ਰਚ ਆਦ ਲਗਾ ਦਿਤੇ ਗਏ, ਮਹੰਤ ਸਾਹਿਬ ਨੇ ਅਪਣਾ ਅਨੰਦ ਪੁਰ ਸਾਹਿਬ ਵਾਲਾ ਰਿਹਾਇਸ਼ੀ ਮਕਾਨ

Digitized by Panjab Digital Library | www.panjabdigilib.org

ਇਕ ਗਰੀਬ ਸਿਖ ਨੂੰ ਅਰਦਾਸ ਕਰ ਦਿਤਾ। ਕੁਛ ਸਮੇ ਪਿਛੋ ਉਹ ਮਕਾਨ ਡਿਗ ਪਿਆ, ਤੇ ਉਸ ਵਿਚੋਂ ਬਹੁਤ ਸਾਰਾ ਧਨ ਮਿਲਯਾ ਆਪ ਨੂੰ ਸੁਨੇਹਾ ਭੇਜਿਆ ਗਿਆ ਕਿ ਆਪ ਆਕੇ ਉਹ ਧਨ ਲੈ ਲਵੋ ਅਗੋਂ ਅਪਨੇ ਉਤ੍ਰ ਦਿਤਾ ਕਿ ਜੇ ਉਹ ਧਨ ਮੇਰਾ ਹੁੰਦਾ ਤਾਂ ਉਸ ਸਮੇ ਨਿਕਲਦਾ ਜਦ ਮੈਂ ਉਸ ਮਕਾਨ ਦਾ ਮਾਲਕ ਸੀ ਹੁਣ ਜਦ ਮੈਂ ਉਸ ਮਕਾਨ ਦਾ ਮਾਲਕ ਨਹੀਂ ਤਾਂ ਉਸ ਧਨ ਨਾਲ ਮੇਰਾ ਕੀ ਵਾਸਤਾ ਹੈ ਜਿਸ ਆਦਮੀ ਦੇ ਭਾਗਾਂ ਵਿਚ ਉਹ ਧਨ ਸੀ ਉਸਦੀ ਮਲਕੀਯਤ ਸਮੇ ਉਹ ਧਨ ਨਿਕਲਿਯਾ ਇਸ ਲਈ ਉਸਦਾ ਮਾਲਕ ਉਹੀ ਹੈ ਜੋ ਮਕਾਨ ਦਾ ਸੋ ਉਹੀ ਸਾਂਭ ਲਵੇ ਮੈਂ ਇਕ ਪਾਈ ਨਹੀਂ ਲਵਾਂਗਾ, ਆਪ ਕੁਛ ਕਾਲ ਪਿਛੋਂ ਪਟਿਆਲਾ ਵਿਖੇ ਹੀ ਗੁਰ ਪੁਰੀ ਸਿਧਾਰ ਗਏ॥

## ਸ਼ਹੀਦ ਜੀ ਦਾ ਜਨਮ

ਸ੍ਰੀਮਾਨ ਭਾਈ ਭਗਵਾਨਸਿੰਘ ਜੀ ਮਹੰਤ ਗੁਰਦ੍ਵਾਰਾ ਸ੍ਰੀ ਕੇਸ਼ਗੜ੍ਹ ਸਾਹਿਬ ਦੇ ਘਰ ਸ੍ਰੀਮਤੀ ਮਾਤਾ ਰੂਪਕੌਰ ਜੀਦੀ ਕੁੱਖਤੋਂ ੧ ਮਾਘ ੯੧੪੨ ਬਿਕ੍ਰਮੀ ਵੀਰਵਾਰ ਨੂੰ ਸ਼ਹੀਦ ਜੀ ਦਾ ਜਨਮ ਹੋਇਆ ਇਸਤੋਂ ਪਹਿਲਾਂ ਇਨ੍ਹਾਂਦੇ ਤਿੰਨ ਭਰਾਤਾ ਭਾਈ ਅਤਰਸਿੰਘ ਜੀ ਗੁਰਦਿਤ ਸਿੰਘ ਤੇ ਹੀਰਾ ਸਿੰਘ ਸਨ ਚੌਥੇ ਸਭ ਤੋਂ ਛੋਟੇ ਇਹ ਸ਼ਹੀਦ ਜੀ ਸਨ, ਇਨ੍ਹਾਂਦਾ ਪਹਿਲਾ ਨਾਮ ਸੰਤਸਿੰਘ ਸੀ, ਸੁਣਨ ਵਿੱਚ ਆਇਆ ਹੈ ਕਿ ਇਹ ਨਿਕੇ ਹੁੰਦੇ ਹੀ ਸੀਲ ਸੁਭਾਵ

Digitized by Panjab Digital Library | www.panjabdigilib.org

ਅਤੇ ਗੁਰਬਾਣੀ ਦੇ ਰਸੀਏ ਸਨ, ਜਿੱਥੇ ਆਪਦੇ ਸਾਥੀ ਖੇਡ ਮਲ ਵਿਚ ਗੀਤ ਗਾਇਆ ਕਰਦੇ ਸਨ ਉਥੇ ਆਪ ਇਕ ਰਸ ਪ੍ਰੇਮ ਵਿਚ ਮਗਨ ਹੋ ਕੇ ਸ਼ਬਦ ਗਾਇਨ ਕਰਦੇ ਸਨ ਆਪਦਾ ਗਲਾ ਰਸਦਾਇਕ ਤੇ ਸੁਰੀਲਾ ਹੋਣ ਕਰਕੇ ਸ੍ਰੋਤੇ ਖੜੇ ਜਾਇਆ ਕਰਦੇ ਸਨ, ਵਸ਼ੇਸ਼ ਕਰਕੇ ਆਪ "ਸੰਤਾ ਕੇ ਕਾਰਜ ਆਪ ਖਲੋਇਆ" ਵਾਲਾ ਸ਼ਬਦ ਬਹੁਤ ਵਾਰੀ ਬੜੇ ਪ੍ਰੇਮ ਨਾਲ ਗਾਇਆ ਕਰਦੇ ਸਨ ਇਸੇ ਕਰਕੇ ਆਪ ਦਾ ਨਾਮ ਸੰਤ ਸਿੰਘ ਰਖਿਆ ਗਿਆ ਸੀ, ਇਸ ਬ੍ਰਿਤੀ ਨੂੰ ਦੇਖਕੇ ਨਿਕਟ ਵਰਤੀ ਕਿਹਾ ਕਰਦੇ ਸਨ ਇਹ ਤਾਂ ਕੋਈ ਸੰਤ ਮਾਲੂਮ ਹੁੰਦਾ ਹੈ ਆਪ ਦੀ ਆਯੂ ਜਿਉਂ ਜਿਉਂ ਵਧਦੀ ਗਈ ਤਿਉਂ ਤਿਉਂ ਉੱਚ ਜੀਵਨ ਮਿਠੀ ਜ਼ਬਾਨ, ਮਿਲਾਪੀ ਸੁਭਾਵ ਤੇ ਸੇਵਾ ਦੀ ਉਮੰਗ ਵਧਦੀ ਜਾਂਦੀ, ਰਾਗ ਵਿਦਯਾ ਦਾ ਆਪ ਨੂੰ ਖਾਸ ਸ਼ੌਕ ਸੀ ਇਸ ਲਈ ਆਪ ਬੜੇ ਚੰਗੇ ਤਰੀਕੇ ਨਾਲ ਆਨੰਦ ਮਈ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਨ ਲੱਗ ਪਏ ਅਤੇ ਵਿਦ੍ਵਤਾ ਭਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨ ਵਿੱਚ ਪ੍ਰਬੀਨ ਹੋਗਏ, ਗੁਰਬਾਣੀ ਦੀ ਖੋਜ ਸ਼ਬਦ ਕੀਰਤਨ ਦਾਂ ਪ੍ਰੇਮ ਪੰਥ ਦੀ ਸੇਵਾ ਦੀ ਉਮੰਗ ਜਿਉ੨ ਵਧਦੀ ਗਈ। ਤਿਉਂ ਤਿਉਂ ਆਪਦਾ ਜੀਵਨ ਉੱਚਾ ਅਤੇ ਸੁਚਾ ਬਣਦਾ ਗਿਆ, ਪਿਤਾ ਜੀ ਦੇ ਗੁਰਪੁਰੀ ਸਧਾਰ ਜਾਣ ਪਿਛੋਂ ਆਪ ਫਿਰ ਸ੍ਰੀ ਕੇਸ ਗੜ੍ਹ ਸਾਹਿਬ ਦੇ ਮਹੰਤ ਥਾਪੇ ਗਏ, ਆਪਨੇ ਪੂਰਨ ਗੁਰ ਮਤ ਅਨਸਾਰ ਇਸ ਸੇਵਾ ਨੂੰ

Digitized by Panjab Digital Library | www.panjabdigilib.org

ਨਿਬਾਹੁਣਾ ਅਰੰਭਿਆ, ਆਪ ਗੁਰੂਦੁਆਰੇ ਦੀ ਸੇਵਾ ਕਰਦਿਆਂ ਉਚ ਨੀਚ ਜਾਂ ਜ਼ਾਤ ਪਾਤ ਦੇ ਖਿਆਲ ਨੂੰ ਕਦੀ ਨੇੜੇ ਨਹੀਂ ਸਨ ਢੁੱਕਨ ਦੇਂਦੇ ਇਸ ਲਈ ਪੁਰਾਣੇ ਜਾਤ ਪਾਤ ਦੇ ਵਹਿਮਾਂ ਵਿਚ ਫਸੇ ਪੁਜਾਰੀ ਇਨ੍ਹਾਂ ਨਾਲ ਈਰਖਾ ਕਰਨ ਲਗ ਪਏ, ਇਸ ਤੋਂ ਬਾਦ ਆਪਦੇ ਮਨ ਅੰਦਰ ਗੁਰ ਅਸਥਾਨਾ ਦੇ ਦਰਸ਼ਨ ਦੀ ਉਮੰਗ ਉੱਠੀ ਆਪ, ਹਜ਼ੂਰ ਸਾਹਿਬ ਦਰਸ਼ਨ ਲਈ ਹਾਜ਼ਰ ਹੋਏ ਜਿਥੇ ਜਾਕੇ ਆਪ ਨੇ ਫੇਰ ਅਮ੍ਰਿਤ ਛਕਿਆ ਜਿਥੋਂ ਆਪ ਦਾ ਪਵਿਤ੍ਰਨਾਮ ਕਰਮ ਸਿੰਘ ਪ੍ਰਵਾਨ ਹੋਇਆ ਤੇ ਇਸੇ ਨਾਮ ਨਾਲ ਆਪ ਪ੍ਰਸਿੱਧ ਹੋਏ, ਉਪਰੰਤ ਆਪ ਸ੍ਰੀ ਅਨੰਦ ਪੁਰ ਸਾਹਿਬ ਆਏ ਓਦੋਂ ਗੁਰਦੁਆਰਾ ਸੁਧਾਰ ਲੈਹਰ ਜੋਰਾਂ ਵਿਚ ਸੀ ਗੁਰੂ ਕੇ ਬਾਗ ਦਾ ਮੋਰਚਾ ਲਗਾ ਹੋਇਆ ਸੀ, ਇਹ ਹਾਲਤ ਵੇਖਕੇ ਆਪਦੇ ਗੁਰਮੁਖ ਮਨ ਨੇ ਉਛਾਲਾ ਮਾਰਿਆ, ਗੁਰਦੁਆਰੇ ਦੀ ਮਹੰਤੀ ਦੇ ਖਿਆਲ ਨੂੰ ਛੱਡਕੇ ਤੇ ਜੱਦੀ ਵਰਾਸਤ ਦੇ ਭਾਵ ਤਿਆਗ ਕੇ ਗੁਰਦੁਆਰੇ ਦਾ ਪ੍ਰਬੰਧ ਪੰਥ ਦੇ ਹਵਾਲੇ ਕਰ ਦਿਤਾ ਤੇ ਆਪ ਸ੍ਰੀ ਅੰਮ੍ਰਿਤ-ਸਰ ਜੀ ਆ ਡੇਰੇ ਲਗਾਏ ਤੇ ਗੁਰੂ ਬਾਗ ਦੇ ਮੋਰਚੇ ਸਬੰਧੀ ਦਿਲੀ ਲਗਨ ਤੇ ਪਿਆਰ ਨਾਲ ਕਾਫੀ ਸੇਵਾ ਕੀਤੀ ਇਸ ਸੇਵਾ ਵਿਚ ਆਪਦੀ ਧਰਮ ਪਤਨੀ ਆਪਦੇ ਨਾਲ ਸੀ ਜੋ ਲੰਗਰ ਅਤੇ ਜ਼ਖਮੀਆਂ ਦੀ ਸੇਵਾ ਵਿਚ ਬੜਾ ਹਿੱਸਾ ਲੈਂਦੀ ਰਹੀ, ਇੱਥੋਂ ਆਪ ਸ੍ਰੀ ਪੰਜਾ ਸਾਹਬ ਜੀ ਦੇ ਦਰਸ਼ਨਾ ਲਈ ਚਲ ਪਏ ਤੇ ਉਥੇ ਪੁਜਕੇ ਕਥਾ ਕੀਰਤਨ ਤੇ ਸੇਵਾ ਵਿਚ ਲਗ ਪਏ ।

Digitized by Panjab Digital Library | www.panjabdigilib.org

# ਸ਼ਹੀਦੀ ਸਾਕਾ

ਗੁਰਦ੍ਵਾਰਾ ਸ੍ਰੀ ਪੰਜਾ ਸਾਹਿਬ ਉਹ ਅਸਥਾਨ ਹੈ ਜਿਥੇ ਅਹੰਕਾਰ ਵਿੱਚ ਮੱਤੇ ਵਲੀ ਕੰਧਾਰੀ ਨੇ ਪਿਆਸ ਨਾਲ ਵਿਆਕੁਲ ਹੋਏ ਮ੍ਰਦਾਨੇ ਨੂੰ ਪਾਣੀ ਦੇਣ ਤੋਂ ਨਾਹ ਕਰ ਦਿਤੀ ਅਤੇ ਦੂਜੀ ਤੀਜੀ ਵਾਰੀ ਮੰਗ ਕਰਨ ਪਰ ਛਿੱਥਾ ਹੋ ਪਿਆ ਅਰ ਤਾਨੇ ਮੇਹਣੇ ਦੇਣ ਤੇ ਆਗਿਆ, ਪਰ ਜਦ ਕਲਾਧਾਰੀ ਪਾਤਸ਼ਾਹ ਨੇ ਉਸਦੇ ਸੋਮੇ ਦਾ ਪਾਣੀ ਹੇਠਾਂ ਖਿੱਚ ਲਿਆ ਤਾਂ ਰੋਹ ਵਿੱਚ ਆਕੇ ਇਕ ਭਾਰੇ ਪਰਬਤ ਨੂੰ ਠੇਲ ਦਿਤਾ ਤਾਂਕਿ ਉਸਦੇ ਹੇਠ ਆਕੇ ਕੁਚਲੇ ਜਾਣ ਪਰ ਉਸ ਬੇ ਸਮਝ ਤੇ ਅਹੰਕਾਰ ਦੀ ਖੁਮਾਰੀ ਵਿਚ ਬੇਸੁੱਧ ਹੋਏ ਵਲੀ ਕੰਧਾਰੀ ਨੂੰ ਇਹ ਪਤਾ ਨਹੀਂ ਸੀ ਜੋ ਮੈਂ ਇਹ ਗਲਾਂ ਕਿਸ ਨਾਲ ਕਰ ਰਿਹਾ ਹਾਂ, ਇਸ ਗਲ ਦਾ ਪਤਾ ਉਸਨੂੰ ਉਦੋਂ ਲਗਾ ਜਦੋਂ ਹਜ਼ਾਰਾਂ ਮਣਾਂ ਭਾਰੇ ਠੇਲੇ ਪਰਬਤ ਨੂੰ ਉਸ ਦੀਨ ਦੁਨੀ ਦੇ ਵਾਲੀ ਨੇ ਅਪਣੇ ਇਕ ਪੰਜੇ ਨਾਲ ਰੋਕ ਲਿਆ ਤੇ ਉਸਨੂੰ ਉਥੇ ਖੜੇ ਰੈਹਣ ਦਾ ਐਸਾ ਹੁਕਮ ਦਿਤਾ ਜੋ ਹੁਣ ਤਕ ਉਹ ਹੁਕਮ ਦਾ ਬਧਾ ਉਥੇ ਖੜਾ ਹੈ, ਵਲੀ ਕੰਧਾਰੀ ਦਾ ਅਹੰਕਾਰ ਦੂਰ ਹੋਇਆ ਤੇ ਹਉਮੈ ਦਾ ਨਸ਼ਾ ਚੂਰ ਹੋਇਆਂ ਅਰ ਉਹ ਨਿਰਮਾਣ ਹੋਕੇ ਮਹਾਰਾਜ ਦੇ ਚਰਨਾਂ ਤੇ ਢੈਹ ਪਿਆ, ਇਹ ਅਸਥਾਨ ਜਦ ਤੋਂ ਪੰਥ ਦੇ ਪ੍ਰਬੰਧ ਵਿਚ ਆਇਆ ਹੈ ਦਿਨ ਦੂਣੀ ਤੇ ਰਾਤ ਚੌਗਣੀ

Digitized by Panjab Digital Library | www.panjabdigilib.org

ਉੱਨਤੀ ਕਰ ਰਿਹਾ ਹੈ । ਇਸਦੀਆਂ ਨਵੀਆਂ ਬਨੀਆਂ ਸ਼ਾਨ ਦਾਰ ਇਮਾਰਤਾਂ, ਲੰਗਰ ਦਾ ਸੋਹਣਾ ਪ੍ਰਬੰਧ, ਰਿਹਾਇਸ਼ ਦਾ ਸੁਖਦਾਇਕ ਤ੍ਰੀਕਾ, ਅਮ੍ਰਤ ਵੇਲੇ ਕੀਰਤਨ ਦਾ ਪ੍ਰਵਾਹ ਤੇ ਕਥਾ ਦੀ ਮਰਯਾਦਾ ਦੇਖਕੇ ਹਰ ਇਕ ਪ੍ਰੇਮੀ ਦਾ ਮਨ ਪ੍ਰਸੰਨ ਤੇ ਗਦ ਗਦ ਹੋਜਾਂਦਾ ਹੈ ਅਰ ਇਕ ਵਾਰੀ ਮੂੰਹ ਤੋਂ ਧੰਨ ਧੰਨ ਦੀ ਧੁਨੀ ਉਪਜਦੀ ਹੈ ।

ਅਜ ਕਲ ਇਥੇ ਸਾਡੇ ਭਾਈ ਕਰਮ ਸਿੰਘ ਕਲਗੀ ਧਰ ਦੇ ਦੁਲਾਰੇ, ਪੰਥ ਤੋਂ ਜਾਨ ਘੁਮਾਨ ਵਾਲੇ ਭਾਈ ਕਰਮ ਸਿੰਘ ਜੀ ਇਸ ਗੁਰ ਅਸਥਾਨ ਵਿਖੇ ਸਣੇ ਧਰਮ ਪਤਨੀ ਦਰਸ਼ਨਾ ਨੂੰ ਆਏ ਹੋਏ ਹਨ, ਭਾਈ ਕਰਮ ਸਿੰਘ ਜੀ ਜਦ ਤੋਂ ਆਏ ਹਨ ਅਪਣੇ ਪ੍ਰੇਮ ਮਈ ਕੀਰਤਨ ਵਿਦ੍ਵਤਾ ਭਰੀ ਕਥਾ ਦਾ ਪ੍ਰਵਾਹ ਚਲਾ ਛਡਿਆ ਹੈ ।

ਚੂੰਕਿ ਆਪ ਰਾਗ ਵਿਦਯਾ ਦੇ ਮਾਹਿਰ ਸਨ ਸ੍ਵਰ ਮਿਠਾਸ ਭਰੀ ਤੇ ਲੈ ਪਰੇਮ ਭਰਪੂਰ ਸੀ ਇਸ ਲਈ ਆਪਦਾ ਕੀਰਤਨ ਸਰੋਤਿਆਂ ਦੇ ਮਨਾਂ ਤੇ ਪਰਭਾਵ ਸ਼ੀਲ ਅਸਰ ਕਰਦਾ ਸੀ, ਆਪਦਾ ਭਰਵਾਂ ਚੇਹਰਾ, ਸੁੰਦਰ ਕਾਲਾ ਭਵਰ ਦਾਹੜਾ, ਸੋਹਲ ਬਦਨ ਮਿਠਾ ਸੁਭਾਵ ਮਿਲਣ ਵਾਲੇ ਨੂੰ ਅਪਣੀ ਵਲ ਖਿੱਚਦਾ ਸੀ, ਆਪਦੀ ਪ੍ਰੇਮ ਅਤੇ ਭਾਵ ਭਰੀ ਉੱਚ ਖਿਆਲਾਂ ਵਾਲੀ ਕਥਾ ਸੰਗਤਾਂ ਦੇ ਮਨਾਂ ਨੂੰ ਮੋਹ ਲੈਂਦੀ ਸੀ ਆਪਦੀ ਧਰਮ ਪਤਨੀ ਜੀ ਲੰਗਰ ਦੀ ਸੇਵਾ ਵਿਚ ਜੁਟੇ ਰੈਹਿੰਦੇ ਸਨ ਗਲ ਕੀ ਅਜ ਆਪਨੂੰ

Digitized by Panjab Digital Library | www.panjabdigilib.org

ਆਇਆਂ ਭਾਵਾਂ ਹਾਲੀ ਚਾਰ ਪੰਜ ਦਿਨ ਹੋਏ ਸਨ ਪਰ ਸਭ ਸੰਗਤਾਂ ਦੇ ਦਿਲਾਂ ਵਿਚ ਆਪ ਲਈ ਪਿਆਰ ਅਤੇ ਮਾਨ ਭਰ ਚੁਕਾ ਸੀ।

ਗੁਰਦੁਆਰਾ ਗੁਰੂ ਕੇ ਬਾਗ ਦੇ ਲੰਗਰ ਦੀ ਸੇਵਾ ਲਈ ਜੋ ਮੋਰਚਾ ਉੱਥੇ ਲਗਾ ਸੀ ਉਹ ਨਜ਼ਾਰਾ ਜਿਨਾ ਅਖਾਂ ਨੇ ਤਕਿਆ। ਉਹ ਜਾਣਦੇ ਹਨ ਕਿ ਕਿਸਤਰ੍ਹਾਂ ਸ਼ਾਂਤ ਮਈ ਤ੍ਰੀਕੇ ਨਾਲ ਕੜੀਆਂ ਵਰਗੇ ਜਵਾਨ ਭੇ ਦੀ ਤਰ੍ਹਾਂ ਕੁੱਟੀਂ ਦੇ ਸਨ ਉਹ ਜਵਾਨ ਜੇ ਮਾਰਨ ਵਾਲਿਆਂ ਜਰਵਾਣਿਆਂ ਪਰ ਟੁੱਟ ਪੌਂਦੇ ਤਾਂ ਕੱਲਾ ਕੱਲਾ ਦਸਾਂ ਵੀਹਾਂ ਨੂੰ ਮਰੋੜ ਛਡਦਾ ਪਰ ਪੰਥ ਦਾ ਹੁਕਮ ਨਹੀਂ ਸੀ, ਦਾਸ ਜਿਸ ਦਿਨ ਉੱਥੇ ਗਿਆ ਉਸੇ ਦਿਨ ਹੀ ਮੇਰੇ ਸਾਹਮਣੇ ਸ੍ਵਾਮੀ ਸ਼ਰਧਾ ਨੰਦ ਜੀ ਗ੍ਰਿਫਤਾਰ ਹੋਏ ਸਨ ਉਸ ਦਿਨ ਮੈ ਜੋ ਉੱਥੇ ਉਨਾਂ ਧਰਮੀ ਬੰਦਿਆਂ ਤੇ ਕੈਹਰ ਹੁੰਦਾ ਤੱਕਿਆ ਉਹ ਹੁਣ ਜਦ ਕਦੀ ਯਾਦ ਆਉਂਦਾ ਹੈ ਤਾਂ ਲੂੰ ਕੰਡੇ ਹੋ ਜਾਂਦੇ ਹਨ, ਗੁਰੂ ਕੇ ਬਾਗ ਦੇ ਧਰਮੀ ਬੰਦਿਆਂ ਨੂੰ ਸਜ਼ਾਵਾਂ ਦੇਕੇ ਜੇਲ ਵਿਚ ਬੰਦ ਕਰਨਾ ਅਰੰਭ ਦਿਤਾ, ਧਰਮ ਦੀ ਖਾਤਰ ਹੱਸ ਹੱਸਕੇ ਕਸ਼ਟ ਉਠਾਉਣ ਵਾਲੇ ਬੀਰਾਂ ਨੇ ਜੇਹਲਾਂ ਵਲ ਵਹੀਰਾਂ ਪਾ ਦਿਤੀਆਂ ਤੇ ਪੰਜਾਬ ਦੇ ਜੇਹਲ ਨਕਾ ਨਕ ਭਰ ਦਿਤੇ ਜਿਸ ਪਰ ਇਨ੍ਹਾਂ ਨੂੰ ਸਪੈਸ਼ਲ ਟਰੇਨਾਂ ਦ੍ਵਾਰਾ ਅਟਕ ਦੀ ਜੇਲ ਵਿੱਚ ਭੇਜਨਾ ਸ਼ੁਰੂ ਕੀਤਾ।

ਅਜ ੩੧ ਅਕਤੂਬ੍ਰ ੧੯੨੨ ਦਾ ਦਿਨ ਹੈ ਸ੍ਰੀ

Digitized by Panjab Digital Library | www.panjabdigilib.org

ਪੰਜਾ ਸਾਹਿਬ ਦੇ ਗੁਰਦ੍ਵਾਰੇ ਵਿਚ ਨਿਤ ਨੇਮ ਅਨੁਸਾਰ ਅਮ੍ਰਤ ਵੇਲੇ ਤੋ ਗੁਰਮੁਖ ਪਿਆਰੇ ਭਾਈ ਕਰਮ ਸਿੰਘ ਜੀ ਅਨੰਦ ਮਈ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਰਹੇ ਹਨ ਅਜ ਭਾਈ ਸਾਹਿਬ ਦੇ ਕੀਰਤਨ ਵਿਚ ਰੋਜ਼ ਨਾਲੋਂ ਨਿਰਾਲਾ ਰਸ ਹੈ ਤੇ ਅਨੋਖਾ ਅਨੰਦ ਪ੍ਰਾਪਤ ਹੋ ਰਿਹਾ ਹੈ ਭਾਈ ਸਾਹਿਬ ਨੇ ਪੈਹਲਾਂ "ਪਖਾ ਫੇਰੀਂ ਪਾਣੀ ਢੋਵਾਂ ਤੇਰੀਆਂ ਸੰਗਤਾ ਦਾ" ਬੜੇ ਪ੍ਰੇਮ ਨਾਲ ਸ਼ਬਦ ਪੜਿਆ ਫੇਰ "ਮੈਂ ਮਰਉਂ ਤਾਂ ਹਰ ਕੇ ਦੁਆਰ ਬੜੇ ਮਿਠੇ ਤੇ ਦਿਲ ਵਿੱਨਵੇ ਸੁਰ ਨਾਲ ਸ਼ਬਦ ਗਾਇਨ ਕੀਤਾ ਆਸਾ ਜੀ ਦੀ ਵਾਰ ਦਾ ਹਾਲਾਂ ਭੋਗ ਨਹੀ ਸੀ ਪਿਆ ਕਿ ਓਧਰੋਂ ਇਕ ਸਿੰਘ ਨੇ ਦੀਵਾਨ ਵਿਚ ਸੁਣਾਇਆ ਕਿ ਧ੍ਰਮੀ ਪ੍ਰਵਾਨੇ ਅਕਾਲੀ ਬੰਦੀਵਾਨਾ ਦੀ ਸਪੈਸ਼ਲ ਟਰੇਨ ਪਿਛੋਂ ਆਰਹੀ ਹੈ ਤੇ ਅਟਕ ਜੇਲ ਨੂੰ ਜਾਣ ਲਈ ਪੰਜੇ ਸਾਹਿਬ ਦੇ ਸਟੇਸ਼ਨ ਤੋਂ ਹੁਣੇ ਲੰਘੇਗੀ, ਇਸ ਖਬਰ ਨੇ ਸੰਗਤਾ ਦੇ ਦਿਲਾਂ ਵਿਚ ਉਨਾਂ ਸੂਰਬੀਰਾਂ ਦੇ ਦਰਸ਼ਨਾ ਦੀ ਉਮੰਗ ਤੇ ਸੇਵਾ ਦਾ ਉਤਸਾਹ ਪੈਦਾ ਕਰ ਦਿਤਾ ਤੇ ਓਸੇ ਵੇਲੇ ਦੀਵਾਨ ਵਿਚੋਂ ਉੱਠ ਟੁਰੀਆ, ਬਾਣੀ ਦੇ ਰਸੀਏ ਭਾਈ ਕਰਮ ਸਿਘ ਜੀ ਨੇ ਕਿਹਾ ਖਾਲਸਾ ਜੀ ਅਸੀ ਤਾਂ ਵਾਰ ਦਾ ਭੋਗ ਪਾਕੇ ਆਵਾਂਗੇ ਪਰ ਦੇਖ ਲੈਣਾ ਅਸੀ ਭਾਵੇਂ ਸਭ ਤੋਂ ਪਿੱਛੇ ਟੁਰਾਂਗੇ ਪਰ ਪਹੁੰਚਾਗੇ ਸਭ ਤੋਂ ਪੈਹਲਾਂ ਭਾਈ ਸਾਹਿਬ ਵਾਰਦੀ ਸਮਾਪਤੀ ਕਰਕੇ ਸ਼ਬਦ ਪੜਦੇ ਪਲੇਟ ਫਾਰਮ ਪਰ ਪੁਜੇ ਅਗੇ ਜਾਕੇ

Digitized by Panjab Digital Library | www.panjabdigilib.org

ਦੇਖਿਆ ਤਾਂ ਸਭ ਦੇ ਚੇਹਰਿਆਂ ਪਰ ਨਿਰਾਸਤਾ ਛਾਈ ਹੋਈ ਸੀ, ਜ਼ੁਮੇਂਵਾਰ ਪ੍ਰਬੰਧਕਾਂ ਤੋਂ ਪੁਛਣ ਤੇ ਪਤਾ ਲਗਾ ਕਿ ਰੇਲ ਦੇ ਅਫਸਰ ਆਖਦੇ ਹਨ ਕਿ ਏਹ ਸਪੈਸ਼ਲ ਟਰੇਨ਼ ਏਥੇ ਨਹੀ ਠੈਹਰੇਗੀ ਬਲਕੇ ਪੂਰੀ ਰਫਤਾਰ ਨਾਲ ਅਗੇ ਲੰਘ ਜਾਵੇਗੀ ਇਸ ਲਈ ਉਨਾਂ ਵੀਰਾਂ ਦੀ ਸੇਵਾ ਦਾ ਸਾਨੂੰ ਕੋਈ ਸਮਾਂ ਪ੍ਰਾਪਤ ਨਹੀ ਹੋ ਸਕੇਗਾ ਇਹ ਗਲ ਸੁਣ ਕੇ ਭਾਈ ਕਰਮ ਸਿੰਘ ਜੀ ਸੋਚਾਂ ਵਿਚ ਪੈਗਏ ਤੇ ਵਿਚਾਰ ਕੀਤੀ ਕਿ ਇਸ ਅਸਥਾਨ ਪਰ ਸਚੇ ਪਾਤਸ਼ਾਹ ਨੇ ਅਹੰਕਾਂਰੀ ਵਲੀ ਵਲੋਂ ਰੇੜ੍ਹਿਆ ਹੋਇਆ ਹਜਾਰਾਂ ਮਣਾ ਭਾਰਾ ਪਰਬਤ ਇਕ ਹਥਾ ਨਾਲ ਰੋਕ ਦਿਤਾ ਤੇ ਮੈ ਓਸੇ ਦਾਤੇ ਦਾ ਚਰਨ ਸੇਵਕ ਹਾਂ ਅਰ ਉਸਦਾ ਨਾਮ ਲੇਵਾਂ ਹਾਂ ਤੇ ਮੇਰੀ ਪਿਠ ਪਰ ਉਸਦਾ ਹਥ ਹੋਵੇ ਤਾਂ ਮੈਂ ਇਸ ਰੇਲ ਨੂੰ ਨਹੀ ਰੋਕ ਸਕਦਾ ? ਜਦ ਸਚੇ ਪਾਤਸ਼ਾਹ ਨੇ ਇਕ ਸੇਵਕ ਪਾਸੋਂ ਖ਼ੂਨੀ ਹਾਥੀਆਂ ਦੇ ਮੂਹ ਭਵਾ ਦਿਤੇ ਅਰ ਇਕ ਸਿਖ ਨੂੰ ਸਵਾਂ ਲਖ ਦਾ ਬਲ ਬਖਸ਼ਿਆ ਹੈ ਤਾਂ ਇਹ ਤੁਛ ਰੇਲ ਕੀ ਚੀਜ ਹੈ, ਹੇ ਮਨ ਤੂੰ ਇਕਾਗਰ ਹੋਕੇ ਦ੍ਰਿੜ ਵਿਸ਼ਵਾਸ ਧਾਰ ਕੇ ਉਸ ਦਾਤੇ ਦੇ ਚਰਨਾ ਦਾ ਸਦਕਾ ਬਲ ਧਾਰ ਅਤੇ ਅਪਣੀ ਛਾਤੀ ਡਾਹਦੇ ਫੇਰ ਕਿਸੇ ਦੀ ਤਾਕਤ ਨਹੀ ਜੋ ਤੇਰੇ ਇਸ ਸ਼ੁਭ ਸੰਕਲਪ ਵਿਚ ਰੋਕ ਪਾ ਸਕੇ ਅਤੇ ਨਿਰਾਸਤਾ ਨੂੰ ਨੇੜੇ ਢੁਕਣ ਦੇਵੇ ਤਿਆਰ ਬਰ ਤਿਆਰ ਹੋ ਜਾ ਅਤੇ ਮੈਦਾਨ ਵਿਚ ਡੱਟ ਜਾ। ਇਸ ਵਿਚਾਰ ਦੇ ਫੁਰਦਿਆਂ ਹੀ ਸਿੰਘ ਸਾਹਬ ਦਾ ਚੇਹਰਾ

Digitized by Panjab Digital Library | www.panjabdigilib.org

ਲਾਲ ਹੋਗਿਆ ਅਤੇ ਉੱਚੀ ਕਿਹਾ ਖਾਲਸਾ ਜੀ ਅਸੀਂ ਸੰਗਤ ਵਿਚ ਮਹਾਰਾਜ ਦੇ ਹਜੂਰ ਕੈਹਕੇ ਆਏ ਹਾਂ ਕਿ ਇਨਾਂ ਸਿੰਘਾਂ ਦੀ ਸੇਵਾ ਕਰਨੀ ਹੈ ਇਸ ਲਈ ਅਸੀਂ ਉਹ ਪ੍ਰਣ ਪੂਰਾ ਕਰਕੇ ਜਾਣਾ ਹੈ ਗੱਡੀ ਇਥੇ ਖੜੀ ਕਰਕੇ ਛਡਾਂਗੇ ਕਿਸੇ ਦੀ ਤਾਕਤ ਨਹੀਂ ਜੋ ਇਕ ਕਦਮ ਅਗੇ ਲੈ ਜਾਵੇ ਇਹ ਗੱਲ ਆਖਕੇ ਕਿਹਾ ਖਾਲਸਾ ਜੀ ਅਰਦਾਸੇ ਲਈ ਸਾਵਧਾਨ ਹੋ ਜਾਵੋਂ ਭਾਈ ਸਾਹਬ ਨੇ ਆਪ ਅਰਦਾਸਾ ਕੀਤਾ ਕਿ ਹੇ ਸਚੇ ਪਾਤੰਸ਼ਾਹ ਅੰਸੀ, ਆਪਦੀਆਂ ਸੰਗਤਾਂ ਦੀ ਸੇਵਾ ਕਰਨ ਆਏ ਹਾਂ ਤੇ ਜਰੂਰ ਕਰਕੇ ਜਾਵਾਂਗੇ ਇਸ ਰਸਤੇ ਜੇ ਸਾਡੇ ਸਰੀਰ ਭੀ ਲੱਗ ਜਾਣ ਤਾਂ ਤੂੰ ਸਾਨੂੰ ਬਲ ਬਖਸ਼ੀਂ ਅਰ ਅੰਗ ਸੰਗ ਸਹਾਇਤਾ ਕਰੀਂ, ਅਰਦਾਸਾ ਸੋਧਕੇ ਆਪਨੇ ਰੇਲ ਦੇ ਅਫਸਰਾਂ ਨੂੰ ਕਿਹਾ ਅਸੀਂ ਰੇਲ ਇਥੇ ਜਰੂਰ ਖੜੀ ਕਰਨੀ ਹੈ ਤੇ ਇਸ ਲਈ ਅਪਣੀਆਂ ਜਾਨਾ ਭੀ ਲਗਾ ਦਿਆਂਗੇ ਪਰ ਸੇਵਾ ਜਰੂਰ ਕਰਾਂ ਗੇ, ਏਹ ਗਲ ਆਖ ਕੇ ਕਿਹਾ ਖਾਲਸਾ ਜੀ ਰੇਲ ਦੀ ਪਟੜੀ ਪਰ ਬੈਠ ਜਾਵੋ ਦੇਖਾਂਗੇ ਕਿਸਤਰਾਂ ਇਹ ਰੇਲ ਅਗੇ ਲੈ ਜਾਂਦੇ ਹਨ ਇਸਦੇ ਨਾਲ ਹੀ ਜੋਸ਼ ਭਰੀ ਪਿਆਰੀ ਅਵਾਜ਼ ਨਾਲ "ਜੇ ਤੈਨੂੰ ਪਰੇਮ ਖੇਲਨ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ" ਸਬਦ ਪੜ੍ਹਨਾ ਅਰੰਭ ਕੀਤਾ ਪਿਛੇ ਸੰਗਤਾਂ ਨੇ ਭੀ ਸ਼ਬਦ ਪੜ੍ਹਿਆ ਭੋਗ ਪੈਂਦਿਆਂ ਸਾਰ ਹੀ ਆਪ ਸਭ ਤੋਂ ਅਗੇ ਲਗੇ ਤੇ ਰੇਲ ਦੀ ਪਟੜੀ ਪਰ ਜਾ ਬੈਠੇ ਪਿਛੇ ਸੰਗਤਾਂ ਭੀ ਜਾ ਬੈਠੀਆਂ ਉਸ ਵੇਲੇ ਐਉਂ:

Digitized by Panjab Digital Library | www.panjabdigilib.org

ਜਾਪਦਾ ਸੀ ਜਿਸਤਰ੍ਹਾਂ ਕਿਸੇ ਸ੍ਰੋਮਣੀ ਜੱਥੇਦਾਰ ਦੀ ਜੱਥੇਦਾਰੀ ਹੇਠਾਂ ਧਰਮੀ ਫੌਜਾਂ ਕੁਰਬਾਨ ਹੋਣ ਜਾਂਦੀਆਂ ਹਨ, ਇਨੇ ਚਿਰ ਨੂੰ ਸਿੰਗਲਨ ਸੁੱਟਿਆ ਗਿਆ ਤੇ ਸਟੇਸ਼ਨ ਦੇ ਆਦ-ਮੀਆਂ ਵਲੋਂ ਸ਼ੋਰ ਪਾਇਆ ਗਿਆ ਕਿ ਪਿੱਛੇ ਹਟ ਜਾਓ ਰੇਲ ਆ ਰਹੀ ਹੈ ਹੇਠਾਂ ਆ ਕੇ ਮਰ ਜਾਓਗੇ, ਉਥੇ ਉਨ੍ਹਾਂ ਦੀ ਆਵਾਜ਼ ਨੂੰ ਕੌਣ ਸੁਣੇ ਉਥੇ ਤਾਂ ਅਗੇ ਹੀ ਉਸ ਦੀਵੇ ਪਰ ਭੰਬਟ ਮਰਨ ਨੂੰ ਤਿਆਰ ਬੈਠੇ ਸਨ, ਇਨੇ ਚਿਰ ਨੂੰ ਬੜੀ ਡਰਾਂਉਣੀ ਸ਼ਕਲ ਵਿਚ ਕਾਲ ਰੂਪ ਧਾਰਕੇ ਫੁੰਕਾਰੇ ਮਾਰਦਾ ਅਤੇ ਖੌਰੂ ਪਾਉਂਦਾ ਹੋਇਆ ਇੰਵਨ ਆ ਪੁੱਜਾ ਉਧਰ ਭਾਈ ਕਰਮ ਸਿੰਘ ਜੀ ਸਭ ਤੋਂ ਅਗੇ ਪੰਜੇ ਦੇ ਵਾਲੀ ਦੇ ਰਚਨਾ ਨਾਲ ਲਿਵ ਜੋੜ ਕੇ ਮਗਨ ਬੈਠੇ ਸਨ ਇੰਵਨ ਭਾਈ ਸਾਹਬ ਦੇ ਪਿੰਡੇ ਨੂੰ ਛੋਹਨ ਵਾਲਾ ਹੀ ਸੀ ਕਿ ਇਨਾ ਉਸ ਅਨੰਦ ਮਗਨ ਦੀ ਲਿਵ ਤਾਰ ਵਿਚ ਦੇਖਿਆ ਕਿ ਵਲੀ ਕੰਧਾਰੀ ਦੇ ਭਾਰੇ ਪ੍ਰਬਤ ਨੂੰ ਰੋਕਣ ਵਾਲਾ ਪੰਜਾ ਇੰਵਣ ਦੇ ਸਾਹਮਣੇ ਖੜਾ ਹੈ ਭਾਈ ਕਰਮ ਸਿੰਘ ਜੀ ਨੇ ਬੇਨਤੀ ਕੀਤੀ, ਦਾਤਾ ਇਸ ਸਰੀਰ ਨੇ ਅੰਤ ਬਿਨਸਨਾ ਹੈ ਇਸ ਲਈ ਚਰਨ ਸੇਵਕ ਨੂੰ ਇਹ ਮਾਨ ਬਖਸ਼ੋ ਕਿ ਮੇਰਾ ਸਰੀਰ ਇਸ ਲੇਖੇ ਲਗੇ, ਪਾਤਸ਼ਾਹ ਤੂੰ ਮਖਣ ਲੁਬਾਣੇ ਦੇ ਜਹਾਜ ਨੂੰ ਮੋਢਾ ਡਾਹਕੇ ਡੁਬਦਾ ਬਚਾਇਆ, ਤੂੰ ਅਪਣੇ ਸਿੱਖ ਦੀਆਂ ਅੱਖਾਂ ਵਿੱਚ ਗਰਮ ਸੀਖਾਂ ਫਿਰਦੀਆਂ ਅਪਣੇ ਚਰਨਾ ਪਰ ਸਹਾਰੀਆਂ ਤੂੰ ਗੁਰਦ੍ਵਾਰੇ ਦੀ ਇਮਾਰਤ ਦੀਆਂ

Digitized by Panjab Digital Library | www.panjabdigilib.org

ਇੱਟਾਂ ਦਾ ਕਸ਼ਟ ਅਪਣੇ ਸਰੀਰ ਪਰ ਝੱਲਿਆ, ਗਰੀਬ-ਨਿਵਾਜਾ ਮੈਂ ਤੇਰੇ ਕੀ ਕੀ ਗੁਣ ਗਾਵਾਂ ਤੇ ਤੇਰੀਆਂ ਸ਼ਕਤੀਆਂ ਦੱਸਾਂ ਤੂੰ ਸਮ੍ਰਥ ਹੈਂ ਪਰ ਅੱਜ ਇਸ ਗਰੀਬ ਤੇ ਮੇਹਰ ਕਰ ਅਰ ਅਪਣੇ ਚਰਨਾ ਵਿੱਚ ਟਿਕਣ ਲਈ ਥਾਂ ਬਖਸ਼, ਭਾਈ ਸਾਹਬ ਇਸ ਅਨੰਦ ਲਗਨ ਵਿਚ ਮਗਨ ਸਨ ਉਧਰੋਂ ਇੰਵਨ ਆਇਆ ਤੇ ਇਸ ਕੋਮਲ ਸਰੀਰ ਨੂੰ ਦਰੜਾ ਗਿਆ, ਪਰ ਇਸਦੇ ਨਾਲ ਹੀ ਉਸਦਾ ਸਾਰਾ ਜੋਸ਼ ਮੱਠਾ ਪੈ ਗਿਆ ਤੇ ਕਹਿਰ ਬੰਦ ਹੋਗਿਆ ਬਸ ਫੇਰ ਕੀ ਸੀ ਰੇਲ ਖੜੀ ਹੋਗਈ ਸੰਗਤਾਂ ਨੇ ਗੁਰੂ ਦੁਲਾਰਿਆਂ ਦੀ ਰੱਜ ਰੱਜ ਕੇ ਸੇਵਾ ਕੀਤੀ ਇਧਰ ਕਾਲ ਭਗਵਾਨ ਭਾਈ ਕਰਮ ਸਿੰਘ ਦੇ ਪਾਸ ਆਏ ਉਨ੍ਹਾਂ ਕਿਹਾ ਕਿ ਮਿੱਤਰਾ ਅਸੀ ਅਗੇ ਤੇਰੀ ਉਡੀਕ ਵਿੱਚ ਹਾਂ ਪਰ ਜ਼ਰਾ ਠੈਹਰ ਜਾ ਜਿਸ ਕਾਰਜ ਲਈ ਅਸੀਂ ਇਹ ਘਾਲ ਘਾਲੀ ਹੈ ਉਸਦੇ ਪੂਰੇ ਹੋਣ ਦੀ ਖਬਰ ਮੇਰੇ ਕੰਨਾਂ ਵਿੱਚ ਪੁੱਜ ਲੈਣ ਦੇ, ਪਤੰਗਾ ਮੌਤ ਨੂੰ ਆਖਦਾ ਹੈ ਕਿ ਮੈਂ ਜਾਣਦਾ ਹਾਂ ਕਿ ਤੂੰ ਮੈਨੂੰ ਨਹੀਂ ਛਡਣਾ ਪਰ ਇਕ ਵਾਰੀ ਉਸ ਜੋਤ ਦਾ ਮਿਲਾਪ ਤਾਂ ਹੋ ਜਾਣ ਦੇ, ਭਵਰਾ ਆਖਦਾ ਹੈ ਕਿ ਮੈਨੂੰ ਪਤਾ ਹੈ ਕਿ ਫੁਲ ਦੇ ਵਿਚ ਘੁਟ ਹੋ ਕੇ ਮਰ ਜਾਣਾ ਹੈ ਪਰ ਉਸ ਸੁੰਦਰ ਦਾ ਮਿਲਾਪ ਤਾਂ ਹੋ ਜਾਣ ਦੇਹ, ਇਸੇਤਰ੍ਹਾਂ ਭਾਈ ਕਰਮਸਿੰਘ ਜੀ ਦੁਨੀਆਂ ਦਾਰਾਂ ਲਈ ਡਰਾਉਣੀ ਤੇ ਭੈ ਭੀਤ ਕਰਨ ਵਾਲੀ ਮੌਤ ਨਾਂਲ ਕਲੋਲ ਕਰ ਰਹੇ ਹਨ ਇਨੇ ਚਿਰ ਨੂੰ ਸੰਗਤ ਇਨਾਂ ਵਲ

Digitized by Panjab Digital Library | www.panjabdigilib.org

ਆਈ ਤੇ ਭਾਈ ਸਾਹਿਬ ਦੀ ਸੰਭਾਲ ਕਰਨ ਲੱਗੀ ਤੇ ਸਭ ਤੋਂ ਪੈਹਲਾਂ ਜੋ ਗਲ ਸ਼ਹੀਦ ਜੀ ਨੇ ਕਹੀ ਉਹ ਇਹ ਸੀ ਕਿ ਕੀ ਗੁਰੂ ਕੇ ਲਾਲਾਂ ਦੀ ਸੇਵਾ ਸੰਪੂਰਨ ਹੋਗਈ ਹੈ ? ਜਦ ਸੰਗਤਾਂ ਵੱਲੋਂ ਹਾਂ ਦਾ ਜਵਾਬ ਮਿਲਆ ਤਾਂ ਆਪਨੇ ਸ਼ੁਕਰ ਕੀਤਾ ਕਿ ਹੇ ਸਚੇ ਪਾਤਸ਼ਾਹ ਤੂੰ ਧੰਨ ਹੈ ਜੋ ਮੇਰੇ ਇਸ ਸਰੀਰ ਨੂੰ ਸੰਗਤਾਂ ਦੀ ਸੇਵਾ ਦੀ ਖਾਤ੍ਰ ਲਗਵਾ ਦਿਤਾ ਹੈ, ਸੰਗਤਾਂ ਨੇ ਮਿਲਕੇ ਭਾਈ ਸਾਹਿਬ ਨੂੰ ਮੰਜੇ ਪਰ ਪਾਇਆ ਤੇ ਗੁਰਦ੍ਵਾਰੇ ਲੈ ਆਂਦਾ ਇਨਾਂ ਦੇ ਸਾਹਮਨੇ ਇਨਾਂ ਦੀ ਜਵਾਨ ਧਰਮ ਪਤਨੀ ਬੈਠੀ ਸੀ ਜੋ ਬੇਨਤੀਆਂ ਕਰ ਰਹੀ ਸੀ ਕਿ ਸਾਂਈ ਜੀ ਤੁਸੀਂ ਇਕਰਾਰ ਕੀਤਾ ਸੀ ਕਿ ਅਸੀਂ ਜਿਥੇ ਜਾਵਾਂਗੇ ਤੈਨੂੰ ਨਾਲ ਰੱਖਾਂ ਗੇ ਪਰ ਹੁਣ ਆਪ ਗੁਰੂ ਦੇ ਦਰਬਾਰ ਜਾ ਰਹੇ ਹੋ ਤੇ ਮੈਨੂੰ ਛੱਡ ਚਲੇ ਹੋ ਬੀਬੀ ਦੇ ਇਨਾਂ ਤ੍ਰਲੇ ਕਰਦਿਆਂ ਤੇ ਹਾੜੇ ਕੱਢਦਿਆਂ ਭਾਈ ਸਾਹਿਬ ਗੁਰ ਚਰਨਾਂ ਵਿੱਚ ਜਾ ਬਿਰਾਜੇ ਤੇ ਉਸ ਵਿਚਾਰੀ ਨੂੰ ਪ੍ਰਦੇਸ ਵਿੱਚ ਕਲਿਆਂ ਛਡ ਗਏ, ਜਿਸ ਵੇਲੇ ਭਾਈ ਸਾਹਿਬ ਦਾ ਸਸਕਾਰ ਕਰਨ ਲਈ ਲੈ ਚਲੇ ਦੂਜੇ ਦਿਨ ਭਾਈ ਸਾਹਬ ਅਤੇ ਇਨਾਂ ਦੇ ਸਾਥੀ ਸ਼ਹੀਦ ਦਾ ਰਾਵਲ ਪਿੰਡੀ ਵਿਚ ਬੜਾ ਭਾਰਾ ਜਲੂਸ ਕਢਿਆ ਗਿਆ ਹਜ਼ਾਰਾਂ ਮਾਈ ਭਾਈ ਸ਼੍ਰਧਾ ਨਾਲ, ਨਾਲ ਗਏ, ਉਸ ਸਮੇ ਬੀਬੀ ਦਾ ਵਿਰਲਾਪ ਪਥਰਾਂ ਨੂੰ ਮੋਮ ਕਰ ਦਿੰਦਾ ਸੀ ਉਸ ਭੋਲੀ ਭਾਲੀ ਸੂਰਤ ਨੇ ਜਿਸਦੇ ਕੇਸ ਗਲੇ ਵਿੱਚ

Digitized by Panjab Digital Library | www.panjabdigilib.org

ਪਏ ਹੋਏ ਤੇ ਅਖਾਂ ਜਲਧਾਰਾ ਵਗਾ ਰਹੀਆਂ ਸਨ ਕੇ ਇਕ ਹਥ ਨਾਲ ਅਪਣੇ ਕਲੇਜੇ ਨੂੰ ਥਮਿਆ ਹੋਇਆ ਸੀ ਤੇ ਦੂਜੇ ਨਾਲ ਭਈ ਸਾਹਿਬ ਨੂੰ ਗਲਵਕੜੀ ਪਾਈ ਹੋਈ ਸੀ ਤੇ ਵੈਰਾਗ ਮਈ ਝੜੀ ਲਗਾ ਰਹੀ ਸੀ ਜਿਸਨੂੰ ਦੇਖਕੇ ਆਦਮੀ ਤਾਂ ਇਕ ਪਾਸੇ ਰਹੇ ਦਰਖਤਾਂ ਦੇ ਪੰਛੀ ਅਤੇ ਕਠੋਰ ਹਿਰਦੇ ਵਾਲੇ ਵਲੀ ਕੰਧਾਰੀ ਦੇ ਠੇਲੇ ਹੋਏ ਮਹਾਨ ਕਠੋਰ ਪਥਰ ਭੀ ਰੋ ਰਹੇ ਸਨ ਅੰਤ ਨੂੰ ਬੜੇ ਜਤਨਾ ਨਾਲ ਇਕ ਬ੍ਰਿਧ ਮਾਤਾ ਜੀ ਨੇ ਬੀਬੀ ਜੀ ਨੂੰ ਵੱਖ ਕੀਤਾ ਤੇ ਭਾਈ ਸਾਹਿਬ ਦਾ ਸਸਕਾਰ ਕੀਤਾ ਗਿਆ ॥

ਪਾਠਕ ਜੀ ਭਾਵੇਂ ਇਹ ਸਚ ਹੈ ਕਿ ਇਸ ਸੰਸਾਰ ਤੋਂ ਸਭਨੇ ਕੂਚ ਕਰਨਾ ਹੈ ਤੇ ਕਿਸੇ ਨਾ ਕਿਸੇ ਬਹਾਨੇ ਜਰੂਰ ਚਲਨਾ ਹੈ ਪਰ ਇਹੋ ਜੇਹੀਆਂ ਮੌਤਾਂ ਮੌਤਾਂ ਨਹੀਂ ਹੁੰਦੀਆਂ ਬਲਕੇ ਜ਼ਿੰਦਗੀਆਂ ਹੁੰਦੀਆਂ ਹਨ ਇਹ ਜਿਥੇ ਮਰਨ ਵਾਲੇ ਨੂੰ ਸਦਾ ਲਈ ਜੀਉਂਦਾ ਕਰ ਜਾਂਦੀਆਂ ਹਨ ਉਥੇ ਸੰਸਾਰ ਵਾਸੀਆਂ ਲਈ ਭੀ ਜਿੰਦਗੀ ਦਾ ਸਬਕ ਸਿਖਾ ਜਾਂਦੀਆਂ ਨੇ ਤਦੇ ਹੀ ਇਕ ਕਵੀ ਜੀ ਲਿਖਦੇ ਹਨ–

ਕਰਮ ਸਿੰਘ ਦੀ ਰੋਸ਼ਨੀ ਪਾਈ ਸਾਰੇ,
ਜਿਵੇਂ ਚਮਕਦਾ ਚੰਦ ਅਸਮਾਨ ਵਾਲਾ
ਹਾਤਮ ਵਾਂਗ ਹੋਇਓਂ ਹਾਤਮ ਦੇਸ ਖਾਤ੍ਰ
ਦਰਦੀ ਦਿਲਾਂ ਦੇ ਦੁਖ ਵੰਡਾਨ ਵਾਲਾ
ਲਛਮਨ ਕੌਮ ਨੂੰ ਮੂਰਛਾ ਦੇਖ ਸੁੱਤਾ,

Digitized by Panjab Digital Library | www.panjabdigilib.org

ਬਲ ਧਾਰਿਆਂ ਤੈਂ ਹਨੂਮਾਨ ਵਾਲਾ ।
ਬੂਟੀ ਖੂਨ ਦੇ ਨਾਲ ਤਿਆਰ ਕਰਕੇ,
ਜਾਦੂ ਕੌਮ ਉਤੇ ਪਾਇਆ ਆਨ ਵਾਲਾ ।
ਇਕ ਤੇਰਾ ਹੀ ਹੌਸਲਾ ਦੇਖਿਆ ਹੈ,
ਚਲਦੀ ਰੇਲ ਅਗੇ ਛਾਤੀ ਡਾਹਨ ਵਾਲਾ ।
ਸ਼ੇਰ ਵਾਂਗ ਦਲੇਰ ਹੋ ਜਾਨ ਵਾਰੀ,
ਝੰਡਾ ਗਡਿਆ ਆਨ ਤੇ ਸ਼ਾਨ ਵਾਲਾ ।
ਟੋਇਓਂ ਪਾਸ ਸ਼ਹੀਦੀ ਜਮਾਤ ਵਿਚੋਂ,
ਦਰਜਾ ਅਵਲ ਤੇਰਾਇਮਤਹਾਨ ਵਾਲਾ ।
ਮਚੀ ਮੁਲਕ ਵਿਚ ਧਾਕ ਬਹਾਦਰੀ ਦੀ,
ਪਛੋਤਾਂਵਦਾ ਰੇਲ ਚਲਾਨ ਵਾਲਾ ।
ਸ਼ਹੀਦੀ ਰੰਗ ਦੇ ਵਿਚ ਆਨੰਦ ਹੋਕੇ,
ਅਮਰਤ ਛਕਿਆ ਅਮਰਹੋਜਾਨ ਵਾਲਾ ।
ਪੂਰਨ ਵਾਂਗਰਾਂ ਜਿੱਤ ਲਈ ਮੌਤ ਲੂਣਾ,
ਚੇਹਰਾ ਜ਼ਰਦਹੋਗਿਆ ਸਲਵਾਨ ਵਾਲਾ ।
ਆਨਸ਼ਾਨ ਵਿਚ ਫਰਕ ਨਾ ਔਣ ਦਿੱਤਾ,
ਕੀਤੇ ਸੂਰਮੇ ਕੰਮ ਇਨਸਾਨ ਵਾਲਾ ।
ਛੱਡ ਜੱਗ ਦੇ ਐਸ਼ ਆਰਾਮ ਸਾਰੇ,
ਧਰਮ ਖਾਤਰੇ ਜਿੰਦੜੀ ਲਾਨ ਵਾਲਾ ।
ਕਈਆਂ ਸਾਥੀਆਂਨੂੰ ਲੈਕੇ ਨਾਲ ਤੁਰਿਓਂ,
ਸੀਨੇ ਮਾਰਕੇ ਤੀਰ ਗਿਆਨ ਵਾਲਾਂ ।

Digitized by Panjab Digital Library | www.panjabdigilib.org

ਰਸਤਾ ਦੱਸ ਦਿੱਤਾ ਭੁਲੇ ਪਾਂਧੀਆਂ ਨੂੰ,
ਸਿੱਧਾ ਪੁਰੀ ਬੈਕੁੰਠ ਨੂੰ ਜਾਣ ਵਾਲਾ।
ਤੇਰੇ ਜਿਹਾ ਕੋਈ ਸੂਰਮਾ ਹੋਊ ਵਿਰਲਾ,
ਖੂਨ ਡੋਹਲ ਕੇ ਸ਼ਾਨ ਬਚਾਨ ਵਾਲਾ।
ਪਾਈ ਬ੍ਰਹਮ ਆਨੰਦ ਮੇ ਮੋਖ ਪਦਵੀ,
ਸਾਇਲ ਤੋੜ ਜੰਜੀਰ ਜਹਾਨ ਵਾਲਾ।
ਗੱਡੀ ਹੇਠ ਗੱਡੀ ਹੱਡੀ ਚੂਰ ਕਰਨੀ,
ਕੱਢੀਨਵੀਂ ਇਹ ਬਿਓਂਤ ਬਨਾਈ ਕਿਸਨੇ
ਅਤੇ ਧੋਣ ਕਟੌਣ ਦੀ ਰੀਤ ਪਿਛਲੀ,
ਦਿਤੀ ਜਗ ਨੂੰ ਫੇਰ ਦਿਖਾਇ ਕਿਸਨੇ
ਮੁਸ਼ਕਲ ਲੰਘਣੀ ਗਲੀ ਪਰੇਮ ਵਾਲੀ,
ਦੱਸੀ ਤਲੀ ਤੇ ਸੀਸ ਟਿਕਾਇ ਕਿਸਨੇ
ਖਾਤਰ ਪੰਥ ਖਾਤਰ ਹੋਇ ਉਤਮ ਚਾਤੁਰ
ਚਾਤਰ ਹੋਇਕੇ ਸਬਕ ਸਿਖਾਇ ਕਿਸਨੇ
ਹੋ ਅਡੋਲ ਅਮੋਲ ਦਰ ਖੋਲ ਮੁਕਤੀ
ਸੇਥਾ ਪੰਥ ਦੇ ਤਾਂਈ ਸਿਖਾਨ ਵਾਲਾ
ਕਰਮਸਿੰਘ ਬਲਬੀਰ ਸ਼ਹੀਦ ਹੋਇਆ
ਖੂਨ ਡੋਲ੍ਹਕੇ ਸ਼ਾਨ ਬਚਾਨ ਵਾਲਾ

—o—

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ

Digitized by Panjab Digital Library | www.panjabdigilib.org

# ਖ਼ੁਸ਼ ਖ਼ਬਰੀ !

ਇਸ ਟ੍ਰੈਕਟ ਵਿੱਚ ਕਿਸੀ ਦੂਜੇ ਸਫੇ ਉਤੇ ਦਾਨੀ ਸੱਜਨਾਂ ਵੱਲੋਂ ਆਈ ਹੋਈ ਸਹਾਇਤਾ ਦਰਜ ਹੈ ਇਸ ਰਕਮ ਨਾਲ ੨੬ ਸਜਨਾਂ ਦੇ ਨਾਮ ਅੱਧੇ ਚੰਦੇ ਤੇ ਟ੍ਰੈਕਟ ਜਾਰੀ ਕੀਤੇ ਜਾਨੇ ਹਨ ਲੋੜ ਵੰਦ ਸਜਨ ਕੇਵਲ ।।।) ਭੇਜਕੇ ਸਾਲ ਭਰ ਵਾਸਤੇ ਟ੍ਰੈਕਟ ਪੜ੍ਹ ਕੇ ਲਾਭ ਉਠਾਉਨ ਅਤੇ ਦਾਨੀ ਸਜੱਨਾਂ ਦਾ ਧੰਨਵਾਦ ਕਰਨ ।

ਆਨਰੇਰੀ ਸਕੱਤ੍ਰ:—

**ਗੁਰਮਤ ਟ੍ਰੈਕਟ ਸੁਸਾਇਟੀ**

ਲਾਹੌਰ

Digitized by Panjab Digital Library | www.panjabdigilib.org

ੲ੫

# ਮੁਫ਼ਤ ! ਮੁਫ਼ਤ !! ਮੁਫ਼ਤ !!!

ਗੁਰਮਤਟ੍ਰੈਕਟ ਸੋਸਾਇਟੀ ਲਾਹੌਰ ਦੀ ਅੰਤ੍ਰਿਗ ਕਮੇਟੀ ਨੇਂ ਫੈਸਲਾ ਕੀਤਾ ਹੈ ਕਿ ਜੇਹੜੇ ਸੱਜਣ ੩੦ ਅਪ੍ਰੈਲ ਸੰ: ੧੯੩੦ ਤੱਕ ਸਾਲ ਭਰ ਦਾ ਚੰਦਾ ਭੇਜਕੇ ਟ੍ਰੈਕਟਾਂ ਦੇ ਗ੍ਰਾਹਕ ਬਨਣ ਉਨ੍ਹਾਂ ਨੂੰ ਸੰ: ੧੯੩੦ ਦਾ ਗੁਰਮਤ ਕੈਲੰਡਰ ਮੁਫ਼ਤ ਦਿੱਤਾ ਜਾਏ ਸੋ ਅਭਿਲਾਖੀ ਸੱਜਣ ਸਾਲ ਭਰ ਦਾ ਚੰਦਾ ਭੇਜਕੇ ਅਤੀ ਸੁੰਦਰ ਤੇ ਅਦੁਤੀ ਸੁਗਾਤ ਮੁਫ਼ਤ ਪ੍ਰਾਪਤ ਕਰਨ ਲਈ ਢਿਲ ਨਾਂ ਕਰਨ।

ਆਨਰੇਰੀ ਸਕੱਤ੍ਰ–

**ਗੁਰਮਤ ਟ੍ਰੈਕਟ ਸੁਸਾਇਟੀ**

ਲਾਹੌਰ

B-1391

Digitized by Panjab Digital Library | www.panjabdigilib.org

# ਧੰਨਯਵਾਦ !

ਹੇਠ ਲਿਖੇ ਸੱਜਣ ਗੁਰਮਤ ਟ੍ਰੈਕਟ ਸੋਸਾਇਟੀ ਲਾਹੌਰ ਨੂੰ ਮਾਇਆ ਬਖਸ਼ਦੇ ਹਨ ਅਸੀ ਏਹਨਾਂ ਸਭ ਦਾਨੀ ਸੱਜਣਾਂ ਦਾ ਸਚੇ ਦਿਲੋਂ ਧੰਨਵਾਦ ਕਰਦੇ ਹਾਂ ਵਾਹਿਗੁਰੂ ਸਿੱਖੀ ਸਿਦਕ ਦਾਨ ਕਰੇ ॥

੫) ਸ੍ਰਃ ਜਵਾਹਰ ਸਿੰਘ ਜੀ ਕੂਚਾ ਬਾਲਮਾਤਾ ਲਾਹੌਰ ਅਪਨੇ ਸਪੁੱਤ੍ਰ ਸ੍ਰਃ ਆਸਾ ਸਿੰਘ ਜੀ ਦੇ ਸ਼ੁਭ ਅਨੰਦ ਕਾਰਜ ਸਮੇ।

੫) ਭੁਜੰਗੀ ਸਭਾ ਖ਼ਾਲਸਾ ਯਤੀਮਖ਼ਾਨਾ ਗੁਜਰਾਂਵਾਲਾ

੩।।।) ਸ੍ਰਃ ਪ੍ਰੀਤਮ ਸਿੰਘ ਜੀ ਮਨੋਰਵਾ ਸ਼ਿਮਲਾ ਪੰਜ ਸੱਜਨਾ ਦੇ ਨਾਮ ਅੱਧੇ ਚੰਦੇ ਦੇ ਟ੍ਰੈਕਟ ਜਾਰੀ ਕਰਨ ਲਈ।

੨॥) ਸ੍ਰਃ ਹੀਰਾ ਸਿੰਘ ਜੀ ਮਹੱਲਾ ਜਲੋਟਿਆਂ ਲਾਹੌਰ ਅਪਨੇ ਸਪੁੱਤ੍ਰ ਸ੍ਰਃ ਗੁਰਬਖਸ਼ ਸਿੰਘ ਜੀ ਦੇ ਸ਼ੁਭ ਅਨੰਦ ਕਾਰਜ ਸਮੇ।

੧।) ਭਾਈ ਮੋਹਨਸਿੰਘ ਜੀ ਗੁਰੂ ਨਾਨਕ ਕਾਟਨ ਫੈਕਟਰੀ ਨਾਨਕਾਣਾ ਸਾਹਿਬ

੨) ਸ੍ਰਃ ਧਿਆਨ ਸਿੰਘ ਜੀ ਮਾਲਿਕ ਕਰੌਨ ਸੋਪ ਕੰਪਨੀ ਲਾਹੌਰ।

ਆਨਰੇਰੀ ਸਕੱਤ੍ਰ-

**ਗੁਰਮਤ ਟ੍ਰੈਕਟ ਸੋਸਾਇਟੀ ਲਾਹੌਰ**

Digitized by Panjab Digital Library | www.panjabdigilib.org